# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


Azadi Ka Amrit Mahotsav

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)

ਸਮੂਹ ਡਾਇਟ ਪ੍ਰਿੰਸੀਪਲ,

ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)

ਸਮੂਹ ਬਲਾਕ ਨੋਡਲ ਅਫ਼ਸਰ

ਸਮੂਹ ਬੀ.ਪੀ.ਈ.ਓ.,

ਸਮੂਹ ਸੀ.ਐਚ.ਟੀਜ਼,

ਪੰਜਾਬ।

ਮੀਮੋ ਨੰ: E-679432/SCERT/QP/UP/2024-102256

ਮਿਤੀ: ਐਸ.ਏ.ਐਸ. ਨਗਰ, 24.04.2024

**ਵਿਸ਼ਾ: ਮਿਸ਼ਨ ਸਮਰੱਥ ਤਹਿਤ ਅਧਿਕਾਰੀਆਂ ਵੱਲੋਂ ਕੀਤੀ ਜਾਣ ਵਾਲੀ ਮਨੀਟਰਿੰਗ ਲਈ ਹਦਾਇਤਾਂ ਸੰਬੰਧੀ।**

**ਹਵਾਲਾ: ਇਸ ਦਫਤਰ ਦਾ ਪੱਤਰ ਨੰ. ਈ-668408/SCERT,QP/UP/2024 79274 ਮਿਤੀ: 21-03-2024**

1.0. ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. ਸੈਸ਼ਨ 2024-25 ਦੌਰਾਨ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਕਰਨ ਲਈ ਜਮਾਤ 2 ਤੋਂ 8 ਤੱਕ ਦੇ ਵਿਦਿਆਰਥੀਆਂ ਲਈ ਮਿਸ਼ਨ ਸਮਰੱਥ **ਫੇਜ਼-2** ਚਲਾਇਆ ਜਾ ਰਿਹਾ ਹੈ।

3.0. ਹਵਾਲਾ ਪੱਤਰ ਦੇ ਪੁਆਇੰਟ ਨੰ. 7.0 ਵਿੱਚ ਲਿਖਿਆ ਗਿਆ ਸੀ ਕਿ ਮੋਨਿਟਰਿੰਗ ਸੰਬੰਧੀ ਹਦਾਇਤਾਂ ਬਾਅਦ ਵਿੱਚ ਭੇਜ ਦਿੱਤੀਆਂ ਜਾਣਗੀਆਂ। ਇਸ ਸੰਬੰਧੀ ਤਿਆਰ ਕੀਤੀਆਂ ਗਈਆਂ ਮੋਨਿਟਰਿੰਗ ਹਦਾਇਤਾਂ ਹੇਠ ਲਿਖੇ ਅਨੁਸਾਰ ਹੈ:

4.0. **ਵੱਖ-ਵੱਖ ਅਧਿਕਾਰੀਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਪ੍ਰਤੀ ਹਫਤਾ ਵਿਜਿਟ ਦਾ ਵੇਰਵਾ:**

I. **DEO/DIET Principal /Dy. DEO/ BNOs /BPEOs:**

I. ਸਮੂਹ DEO/DIET Principal/Dy.DEO/BNOs/BPEOs ਘੱਟੋ-ਘੱਟ ਦੋ ਸਕੂਲ ਹਰ ਹਫਤੇ ਵਿਜ਼ਿਟ ਕਰਨਗੇ।

II. ਸਮੂਹ DEO/DIET Principal/Dy.DEO/BNOs/BPEOs ਦਿਨ ਦੇ ਪਹਿਲੇ ਅੱਧੇ ਸਮੇਂ ਦੌਰਾਨ ਵਿਜ਼ਿਟ ਕਰਨਗੇ

III. ਸਕੂਲ ਵਿੱਚ ਮਿਸ਼ਨ ਸਮਰੱਥ ਦੀਆਂ ਚੱਲ ਰਹੀਆਂ ਗਤੀਵਿਧੀਆਂ ਦੀ ਹਰ ਪੱਖ ਤੋਂ ਜਾਂਚ ਕਰਨਗੇ

IV. ਹਰੇਕ ਸਕੂਲ ਵਿੱਚ ਘੱਟੋ-ਘੱਟ 3 ਵਿਦਿਆਰਥੀਆਂ ਦਾ ਕਿਸੇ ਇੱਕ ਵਿਸ਼ੇ ਦੇ ਮੁਲਾਂਕਣ ਦੀ random ਜਾਂਚ (random assessment) ਵੀ ਕਰਨਗੇ।

II. **ਸੀ.ਐਚ.ਟੀ ਲਈ ਹਦਾਇਤਾਂ:**

I. ਸੀ.ਐਚ.ਟੀ. ਘੱਟੋ-ਘੱਟ ਹਰ ਰੋਜ਼ ਇੱਕ ਸਕੂਲ ਵਿਜ਼ਿਟ ਕਰਨਗੇ।

II. ਪਹਿਲੇ ਅੱਧੇ ਸਮੇਂ ਦੌਰਾਨ ਉਸੇ ਸਕੂਲ ਵਿੱਚ ਮੌਜੂਦ ਰਹਿ ਕੇ ਮਿਸ਼ਨ ਸਮਰੱਥ ਅਧੀਨ ਚੱਲ ਰਹੀਆਂ ਗਤੀਵਿਧੀਆਂ ਨੂੰ ਮਨੀਟਰ ਕਰਨਗੇ।

III. ਘੱਟੋ-ਘੱਟ 3 ਵਿਦਿਆਰਥੀਆਂ ਦਾ ਇੱਕ ਵਿਸ਼ੇ ਦੇ ਮੁਲਾਂਕਣ ਦੀ random ਜਾਂਚ (random assessment) ਵੀ ਕਰਨਗੇ।

IV. ਕਿਸੇ ਵੀ ਸਕੂਲ ਨੂੰ ਦੁਬਾਰਾ ਵਿਜਿਟ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਸਕੂਲ ਘੱਟੋ -ਘੱਟ ਇੱਕ ਵਾਰ ਜ਼ਰੂਰ ਵਿਜ਼ਿਟ ਹੋ ਜਾਣ।

5.0. ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਦੇ ਮੁਲਾਂਕਣ ਦਾ Random Assessment ਕਰਨ ਲਈ ਨਵਾਂ ਟੂਲ visit ਕਰਨ ਵਾਲੇ ਅਧਿਕਾਰੀਆਂ ਨੂੰ whatsapp group ਅਤੇ emails ਰਾਹੀਂ ਸ਼ੇਅਰ ਕਰ ਦਿੱਤਾ ਜਾਵੇਗਾ।

6.0. ਸਮੂਹ ਜ਼ਿਲ੍ਹਾ ਅਧਿਕਾਰੀ ਆਪਸ ਵਿੱਚ ਤਾਲਮੇਲ ਰੱਖਕੇ ਆਪਣਾ Visit Schedule (ਵਿਜ਼ਿਟ ਸ਼ਡਿਊਲ ਪ੍ਰੋਫਾਰਮਾ ਨਾਲ ਨੱਥੀ ਹੈ) ਬਣਾਉਣਗੇ ਤਾਂ ਜੋ ਇੱਕੋ ਦਿਨ ਇਕੱਠੇ ਇੱਕ ਤੋਂ ਵੱਧ ਅਧਿਕਾਰੀ ਇੱਕ ਸਕੂਲ ਵਿੱਚ ਵਿਜ਼ਿਟ ਨਾਂ ਕਰਨ।

7.0. ਵਿਜ਼ਿਟ ਦੌਰਾਨ ਚੈੱਕ ਕੀਤੇ ਜਾਣ ਵਾਲੇ ਮੁੱਖ ਪੱਖ:

I. ਸਕੂਲ ਦੇ ਵਿੱਚ ਬੱਚਿਆਂ ਦੀ ਗਰੁਪਿੰਗ ਸਕੂਲ ਪੱਧਰ 'ਤੇ ਕੀਤੀ ਗਈ ਹੋਵੇ।

II. ਸਕੂਲ ਵਿੱਚ ਮਿਸ਼ਨ ਸਮੱਰਥ ਅਨੁਸਾਰ ਬਣਾਈ ਗਈ ਸਮਾਂ ਸਾਰਣੀ ਲਾਗੂ ਹੋਵੇ ।

III. ਵਿਦਿਆਰਥੀਆਂ ਦੇ ਲੈਵਲ, ਨਿਰਧਾਰਿਤ ਮੁਲਾਂਕਣ ਟੂਲ ਦੀ ਵਰਤੋਂ ਕਰਕੇ ਹੀ ਨਿਰਧਾਰਿਤ ਕੀਤੇ ਗਏ ਹੋਣ।

IV. ਸਕੂਲ ਵਿੱਚ ਬੱਚਿਆਂ ਨੂੰ ਲੈਵਲ ਦੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹੋਣ।

V. ਕਲਾਸ ਰੂਮ ਦਾ ਨਿਰੀਖਣ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਉੱਥੇ ਅਧਿਆਪਨ ਲਈ ਢੁਕਵਾਂ ਮਾਹੌਲ ਹੈ।

VI. ਮਿਸ਼ਨ ਸਮਰੱਥ ਅਧੀਨ ਭੇਜਿਆ ਗਿਆ ਮਟੀਰੀਅਲ, ਅਧਿਆਪਕ ਅਤੇ ਬੱਚਿਆਂ ਨੂੰ ਮਿਲ ਗਿਆ ਹੈ ਅਤੇ ਇਸਦੀ ਵਰਤੋਂ ਸਹੀ ਤਰੀਕੇ ਨਾਲ ਕੀਤੀ ਜਾ ਰਹੀ ਹੈ ।

8.0. DEO/DIET Principal /Dy. DEO/BPEO/CHT ਇਹ ਯਕੀਨੀ ਬਣਾਉਣਗੇ ਕਿ ਵਿਜ਼ਿਟ ਦੌਰਾਨ ਜੇ ਕਿਸੇ ਅਧਿਆਪਕ ਨੂੰ ਟ੍ਰੇਨਿੰਗ ਦੀ ਜਰੂਰਤ ਹੈ ਤਾਂ ਵਿਭਾਗ ਵੱਲੋਂ ਬਣਾਏ ਗਏ 60 ਸਟੇਟ ਰਿਸੋਰਸ ਪਰਸਨਜ਼ ਦੇ ਪੈਨਲ ਵਿੱਚੋਂ ਸਹੂਲਤ ਅਨੁਸਾਰ ਆਪਣੇ ਨੇੜੇ ਦੇ ਕਿਸੇ ਵੀ ਸਟੇਟ ਰਿਸੋਰਸ ਪਰਸਨ ਨਾਲ ਰਾਬਤਾ ਕਾਇਮ ਕਰਕੇ ਆਪਣੇ ਲੈਵਲ ਤੇ ਉਸ ਅਧਿਆਪਕ ਜਾਂ ਅਧਿਆਪਕਾਂ ਦੀ ਟਰੇਨਿੰਗ ਕਰਵਾਈ ਜਾਵੇ।

9.0. ਸਕੂਲਾਂ ਵਿੱਚ ਵਿਜ਼ਿਟ ਦੌਰਾਨ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀ ਹਰ ਤਰ੍ਹਾਂ ਦੀ Query ਦਾ ਉਚਿੱਤ ਹੱਲ ਕਰਨਾ ਅਤੇ ਸਕੂਲਾਂ ਅਤੇ ਅਧਿਆਪਕਾਂ ਨੂੰ ਲੋੜੀਂਦੀ Support ਦੇਣਾ ਯਕੀਨੀ ਬਣਾਇਆ ਜਾਵੇ।

10.0. ਸਮੂਹ ਅਧਿਕਾਰੀ ਸਹਿਬਾਨ ਆਪਣੀ ਸਕੂਲ ਵਿਜ਼ਿਟ ਦੇ ਵੇਰਵੇ Tangerine app (https://fln.tangerinecentral.org/releases/prod/apks/group-de3871e1-adf5-43fc-8069-2d963cb61562/group-de3871e1-adf5-43fc-8069-2d963cb61562.apk) ਤੇ ਨਾਲੋਂ ਨਾਲ ਆਨਲਾਈਨ ਭਰਨਗੇ। ਇਸ ਸੰਬੰਧੀ ਐਪ ਤੇ ਤਿੰਨ ਪ੍ਰੋਫਾਰਮੇ ਉਪਲੱਬਧ ਹਨ:

I. First Week-Baseline week-1 observation: (ਸਕੂਲ ਦੀ ਪਹਿਲੀ ਵਿਜ਼ਿਟ ਦੌਰਾਨ ਭਰੇ ਜਾਣ ਵਾਲਾ ਪ੍ਰੋਫਾਰਮਾ)

II. Classroom Observation (ਜਮਾਤ ਦੀ ਵਿਜ਼ਿਟ ਦੌਰਾਨ ਕੀਤੀਆਂ observations ਭਰਨ ਲਈ ਪ੍ਰੋਫਾਰਮਾ

III. Random Assessment (Random Assessment ਕਰਨ ਉਪਰੰਤ ਭਰਿਆ ਜਾਣ ਵਾਲਾ ਪ੍ਰੋਫਾਰਮਾ)

11.0. Random Assessment ਕਰਨ ਸਮੇਂ ਧਿਆਨ ਦੇਣ ਯੋਗ ਪੁਆਇੰਟਜ਼:

I. ਵਿਜ਼ਿਟ ਕਰਨ ਵਾਲੇ ਅਧਿਕਾਰੀ ਕੋਲ ਮੁਲਾਂਕਣ ਟੂਲ ਦੀ ਫੋਟੋ ਕਾਪੀ ਹੋਣੀ ਜਰੂਰੀ ਹੈ।

II. ਸਕੂਲ ਵਿੱਚ ਕੋਈ ਤਿੰਨ ਬੱਚੇ randomly ਚੁਣੋ, ਜੇਕਰ ਹੋ ਸਕੇ ਤਾਂ ਉਹ ਬੱਚੇ ਚੁਣੋ ਜੋ ਮਿਸ਼ਨ ਸਮਰੱਥ ਦੇ ਟੀਚੇ ਤੋਂ ਪਿੱਛੇ ਹਨ।

III. ਉਹਨਾਂ ਦੇ ਮੁਲਾਂਕਣ ਦਾ ਵਿਸ਼ਾ ਚੁਣਿਆ ਜਾਵੇ।

IV. ਵਿਦਿਆਰਥੀ ਨੂੰ ਆਪਣੇ ਟੂਲ ਵਿੱਚੋਂ ਉਸੇ ਪੱਧਰ ਨੂੰ ਪੜ੍ਹਨ ਲਈ ਜਾਂ ਸਵਾਲ ਕਰਨ ਲਈ ਕਹੋ ਜੋ ਰਿਕਾਰਡਿੰਗ ਸ਼ੀਟ ਵਿੱਚ ਅੰਕਿਤ ਹੋਵੇ।

V. ਜੇਕਰ ਵਿਦਿਆਰਥੀ ਰਿਕਾਰਡਿੰਗ ਸ਼ੀਟ 'ਤੇ ਅੰਕਿਤ ਪੱਧਰ ਨੂੰ ਠੀਕ ਤਰੀਕੇ ਨਾਲ ਪੂਰਾ ਕਰ ਲੈਂਦਾ ਹੈ ਤਾਂ ਉਸ ਨੂੰ ਅਗਲਾ ਪੱਧਰ ਪੜਨ ਜਾਂ ਕਰਨ ਲਈ ਕਿਹਾ ਜਾਵੇ।

VI. ਜੇਕਰ ਵਿਦਿਆਰਥੀ ਰਿਕਾਰਡਿੰਗ ਸ਼ੀਟ ਤੇ ਅੰਕਿਤ ਪੱਧਰ ਨੂੰ ਸਹੀ ਤਰੀਕੇ ਨਾਲ ਨਹੀਂ ਪੜ੍ਹ ਜਾਂ ਕਰ ਸਕਦਾ ਤਾਂ ਉਸਨੂੰ ਇੱਕ ਲੈਵਲ ਪਿੱਛੇ ਦਾ ਪੱਧਰ ਪੜ੍ਹਨ ਜਾਂ ਕਰਨ ਲਈ ਕਿਹਾ ਜਾਵੇ।

VII. **ਧਿਆਨ ਰੱਖੋ** ਕਿ TaRL ਪੱਧਤੀ ਅਨੁਸਾਰ 5-6 ਦਿਨ ਪੜਾਉਣ ਤੋਂ ਬਾਅਦ ਬੱਚੇ ਦੇ ਸਿੱਖਣ ਪੱਧਰ ਵਿੱਚ ਇੱਕ ਲੈਵਲ ਦੀ ਪ੍ਰਗਤੀ ਹੋ ਸਕਦੀ ਹੈ।

12.0. ਵੱਖ-ਵੱਖ ਅਧਿਕਾਰੀਆਂ ਵੱਲੋਂ ਵਿਜ਼ਿਟ ਦੌਰਾਨ ਹੇਠ ਲਿਖੀਆਂ ਗਤੀਵਿਧੀਆਂ ਸ਼ਾਮਿਲ ਕਰਨੀਆਂ ਯਕੀਨੀ ਬਣਾਇਆ ਜਾਵੇ:

I. ਸਕੂਲ ਮੁਖੀ ਨਾਲ opening conversation

II. ਜਮਾਤ ਦਾ ਨਿਰੀਖਣ (Classroom observations)

III. ਸਕੂਲ ਮੁਖੀ ਨਾਲ closing conversation

IV. ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਵੀ ਕਰਨਗੇ

13.0. **ਰੀਵਿਊ ਮੀਟਿੰਗ ਲਈ ਹਦਾਇਤਾਂ:** ਮਿਸ਼ਨ ਸਮਰੱਥ ਪ੍ਰੋਗਰਾਮ ਦੀ ਪ੍ਰਗਤੀ ਦੇਖਣ ਦੇ ਲਈ ਹੇਠ ਲਿਖੇ ਅਨੁਸਾਰ ਰੀਵਿਊ ਮੀਟਿੰਗਜ਼ ਕੀਤੀਆਂ ਜਾਣਗੀਆਂ

| ਮੀਟਿੰਗ ਦਾ ਪੱਧਰ | ਰਿਵਿਊ ਮੀਟਿੰਗ ਦੀ ਪ੍ਰਧਾਨਗੀ | ਭਾਗੀਦਾਰ | ਏਜੰਡਾ ਪੁਆਇੰਟਜ਼ | ਟਾਈਮਲਾਈਨ |
|---|---|---|---|---|
| ਸਟੇਟ ਪੱਧਰ ਤੇ | Steering Committee | DEOs, DRCs (2 most covered and 2 least covered) | Goal setting and review (Academic & Administration) Next Steps | ਹਰ ਹਫ਼ਤੇ (ਜਿਸ ਦਿਨ Steering Committee ਦੀ ਮੀਟਿੰਗ ਹੋਵੇਗੀ।) |
| ਜ਼ਿਲ੍ਹਾ ਪੱਧਰ 'ਤੇ | DEO (SE), DEO(EE) | BPEOs, BNOs | 1. Visit plan & Visit insights<br>2. Feedback<br>3. Challenges<br>4. Next Steps | ਹਰ ਪੰਦਰਾਂ ਦਿਨ |
| ਬਲਾਕ ਪੱਧਰ 'ਤੇ | BPEO, BNO | CHTs, School Heads | 1. Teacher Capability, Visit plan & Visit Insights<br>2. Visit plan (plan visits V/s actual)<br>3. Trends in problem areas<br>4. Observations and their solutions | ਹਰ ਪੰਦਰਾਂ ਦਿਨ |

| | | | | |
|---|---|---|---|---|
| ਕਲੱਸਟਰ ਪੱਧਰ 'ਤੇ | CHTs | HTs(Primary) | 1. Capability building around the observations (good practices & weak areas)<br>2. Discussion around classroom challenges<br>3. Suggested best practices for classroom | ਹਰ ਪੰਦਰਾਂ ਦਿਨ |
| ਸਕੂਲ ਪੱਧਰ 'ਤੇ | School Heads | Teachers | 1. Academic Trainings<br>2. Feedback from monitoring visits<br>3. Discussion around class room challenges | ਹਫਤਾਵਾਰ |

14.0. ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(ਅਮਨਿੰਦਰ ਕੌਰ, ਪੀ.ਸੀ.ਐਸ.)
ਡਾਇਰੈਕਟਰ,ਐਸ.ਸੀ.ਈ.ਆਰ.ਟੀ., ਪੰਜਾਬ।
ਮਿਤੀ: 24.04.2024

**ਪਿੰਠ ਅੰਕਣ ਨੰਬਰ: ਉਕਤ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:**

1. ਨਿ.ਸ./ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. DM (MIS) –ਵੈੱਬਸਾਈਟ ਤੇ ਅਪਲੋਡ ਕਰਨ ਲਈ

(ਅਮਨਿੰਦਰ ਕੌਰ, ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।

## Visit Schedule Proforma

| Week | Date and Day of Visit | School | Enrollment | % of students at L1 | % of students at L2 | % of students at L3 | Discussion with the School Head | Class Observed | Subject Observed | Priority for Next Observation | Any other Key Observations |
|---|---|---|---|---|---|---|---|---|---|---|---|
| Week 1 | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| Week 2 | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| Week 3 | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| Week 4 | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| Week 5 | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |